ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਐਲੀਮੈਂਟਰੀ)

ਕਲੱਸਟਰ ਹੈੱਡ/ਸਮੂਹ ਮੁੱਖੀ

.........................................

ਨੰ.ਪਸਸਬ-(ਸਸ-ਗੁਪਤ)2024/....287.................ਮਿਤੀ...28-06-24

ਵਿਸ਼ਾ :-ਪੰਜਵੀ ਸ਼੍ਰੇਣੀ ਜੁਲਾਈ 2024 ਦੀਆਂ ਉੱਤਰ ਪੱਤਰੀਆਂ ਦੀ ਮਾਰਕਿੰਗ ਕਰਵਾਉਣ ਦੀ ਹਦਾਇਤਾਂ ਸਬੰਧੀ ।

1.ਉੱਤਰ-ਪੱਤਰੀਆਂ ਦੀ ਮਾਰਕਿੰਗ ਸਰਕਾਰੀ,ਏਡਿਡ ਅਤੇ ਐਫੀਲੀਏਟਡ ਸਕੂਲਾਂ ਦੇ ਰੈਗੂਲਰ ਅਧਿਆਪਕਾਂ ਪਾਸੋਂ ਕਰਵਾਈ ਜਾਵੇ । ਉੱਤਰ ਪੱਤਰੀਆਂ ਮਾਰਕ ਕਰਨ ਵਾਲੇ ਸਾਰੇ ਅਧਿਆਪਕ ਸਬੰਧਤ ਸਕੂਲਾਂ ਵੱਲੋਂ ਡਿਊਟੀ ਤੇ ਸਮਝੇ ਜਾਣਗੇ। ਜਿਸ ਸਕੂਲ ਵਿੱਚ ਮਾਰਕਿੰਗ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਦੀ ਹੈ ਤਾਂ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਆਪਣੇ ਪੱਧਰ ਤੇ ਬਦਲਵਾਂ ਪ੍ਰਬੰਧ ਕਰਨਗੇ। ਜੇਕਰ ਕੋਈ ਅਧਿਆਪਕ ਬਿਮਾਰੀ ਦੀ ਹਾਲਤ ਵਿੱਚ ਡਿਊਟੀ ਨਹੀ ਦੇ ਸਕਦਾ ਤਾਂ ਉਸ ਸਬੰਧੀ ਘੱਟੋ-ਘੱਟ ਸੀ.ਐਮ.ਓ ਪੱਧਰ ਦਾ ਮੈਡੀਕਲ ਸਰਟੀਫਿਕੇਟ ਮੰਨਿਆ ਜਾਵੇਗਾ ।

2. ਪੰਜਵੀ ਸ਼੍ਰੇਣੀ ਦੇ ਸੈਲਫ ਸੈਂਟਰ ਬਣਾਏ ਗਏ ਹਨ। ਜਿਹਨਾਂ ਵਿੱਚ ਸਟਾਫ ਨੂੰ ਜਿਲਾ ਸਿੱਖਿਆ ਅਫਸਰ(ਐਲੀਮੈਂਟਰੀ)/ਕਲੱਟਰ ਹੈੱਡ ਵੱਲੋ shuffle ਕਰਕੇ ਭਾਵ ਏ ਤੋਂ ਬੀ,ਬੀ ਤੋਂ ਸੀ ਅਤੇ ਸੀ ਤੋਂ ਏ ਕਰਕੇ ਲਗਾਇਆ ਜਾਵੇਗਾ । ਮਾਰਕਿੰਗ ਦਾ ਸਮੁੱਚਾ ਕੰਮ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਦੀ ਨਿਗਰਾਨੀ ਹੇਠ ਨੇਪਰੇ ਚੜਾਇਆ ਜਾਵੇਗਾ। ਇਹ ਸਟਾਫ ਹੀ ਆਪਣੇ-ਆਪਣੇ ਕੇਂਦਰ ਦੀਆਂ ਉੱਤਰ ਪੱਤਰੀਆਂ ਦੇ ਅੰਕ ਸਕੂਲ ਲਾਗਇੰਨ ਆਈ ਡੀ (School login id) ਤੇ ਅਪਲੋਡ ਕਰੇਗਾ। ਹਸਤਾਖਰ ਚਾਰਟ ਕੇਂਦਰ ਪੱਧਰ ਤੇ ਰੱਖੇ ਜਾਣ ਅਤੇ ਐਬਸੈਂਟੀ(absentee ਸਕੂਲ ਲਾਗਇੰਨ ਆਈ ਡੀ ਤੇ ਅਪਲੋਡ ਕੀਤੀ ਜਾਵੇ ।

3.ਉੱਤਰ ਪੱਤਰੀਆਂ ਦੀ ਮਾਰਕਿੰਗ ਲਈ ਕੋਈ ਵਾਧੂ ਅਦਾਇਗੀ ਨਹੀਂ ਕੀਤੀ ਜਾਵੇਗੀ । ਮਾਰਕਿੰਗ ਦਾ ਕਾਰਜ ਅਧਿਆਪਕਾਂ ਅਤੇ ਕਰਮਚਾਰੀਆਂ ਵੱਲੋਂ ਆਪਣੀ ਮੁੱਢਲੀ ਡਿਊਟੀ ਸਮਝ ਕੇ ਕੀਤਾ ਜਾਵੇਗਾ ।

4.ਪ੍ਰੀਖਿਅਕ ਉੱਤਰ ਪੱਤਰੀਆਂ ਤੇ ਪੂਰੇ ਹਸਤਾਖਰ ਕਰਨਗੇ ਅਤੇ ਬਾਕੀ ਬਚਦੇ ਖਾਲੀ ਪੰਨਿਆ ਤੇ (x) ਕਰਾਸ ਦਾ ਨਿਸ਼ਾਨ ਲਗਾਉਣਗੇ ।

5.ਪੰਜਵੀ ਸ਼੍ਰੇਣੀ ਦੀ ਲਿਖਤੀ ਪ੍ਰੀਖਿਆਵਾਂ ਦੇ ਵਿਸ਼ੇਵਾਰ ਅੰਕ ਸਕੂਲ ਲਾਗਇੰਨ ਆਈ.ਡੀ (school login id) ਤੇ ਅਪਲੋਡ ਕੀਤੇ ਜਾਣਗੇ ।

6.ਮਾਰਕ ਕੀਤੀਆਂ ਉੱਤਰ ਪੱਤਰੀਆਂ ਦੇ ਅਪਲੋਡ ਕੀਤੇ ਅੰਕਾ ਦੇ ਸਮੁੱਚੇ ਰਿਕਾਰਡ ਦੀ ਪੀ.ਡੀ.ਐਫ ਫਾਇਲ ਜਾਂ ਹਾਰਡ ਕਾਪੀ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਵੱਲੋਂ ਆਪਣੇ ਪੱਧਰ ਤੇ ਰੱਖੀ ਜਾਵੇ ।

7.ਮਾਰਕਿੰਗ ਸਬੰਧੀ ਜੇਕਰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ। ਤਾਂ ਉਸ ਨੂੰ Query portel ਰਾਹੀਂ ਅਪਲੋਡ ਕੀਤਾ ਜਾਵੇ ਅਤੇ Query portel ਰਾਹੀ ਹੀ ਇਸ ਦਾ ਨਿਪਟਾਰਾ ਕੀਤਾ ਜਾਵੇਗਾ।

8.ਪੰਜਵੀ ਸ਼੍ਰੇਣੀ ਦੇ ਜੇਕਰ ਕਿਸੇ ਸੈਂਟਰ ਵਿੱਚ ਜਿਆਦਾ ਪ੍ਰੀਖਿਆਰਥੀ ਅਪੀਅਰ ਹੋ ਰਹੇ ਹੋਣ ਤਾਂ ਜਿਲਾ ਸਿਖਿਆ ਅਫਸਰ(ਐਲੀਮੈਂਟਰੀ) ਦੇ ਸਹਿਯੋਗ ਨਾਲ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਆਪਣੇ ਪੱਧਰ ਤੇ ਹੀ ਢੁੱਕਵਾਂ ਪ੍ਰਬੰਧ ਕਰੇਗਾ ।

9.ਪੰਜਵੀ ਸ਼੍ਰੇਣੀ ਦੀਆ ਹੱਲ ਹੋਈਆਂ ਉੱਤਰ ਪੱਤਰੀਆਂ ਤੇ ਹਸਤਾਖਰ ਚਾਰਟ ਵੱਖਰੇ ਤੌਰ ਤੇ ਕਲੱਸਟਰ ਹੈੱਡ/ ਸੈਂਟਰ ਹੈੱਡ ਟੀਚਰ ਵੱਲੋਂ ਆਪਣੇ ਪੱਧਰ ਤੇ ਹੀ ਰੱਖੀਆ ਜਾਣ ਤਾਂ ਜੋ ਇਨਾਂ ਦੇ ਅੰਕਾ ਦੀ ਤਰੁੱਟੀ /ਆਰ.ਟੀ.ਆਈ/ਕੋਰਟ ਕੇਸ ਜਾਂ ਕਿਸੇ ਹੋਰ ਕਾਰਜ ਕਰਕੇ ਜੇਕਰ ਦਫਤਰ ਨੂੰ ਉੱਤਰ ਪੱਤਰੀਆਂ ਦੀ ਲੋੜ ਪੈਂਦੀ ਹੈ ਤਾਂ ਇਹਨਾਂ ਉੱਤਰ ਪੱਤਰੀਆਂ ਨੂੰ ਮੰਗਵਾਇਆ ਜਾ ਸਕੇ । ਇਹਨਾਂ ਉੱਤਰ ਪੱਤਰੀਆਂ ਨੂੰ ਦਫਤਰ ਵੱਲੋ ਰੱਦੀ ਕਰਾਰ ਦੇਣ ਉਪਰੰਤ ਇਕੱਤਰ ਕਰਨ ਦੀ ਜਗਾ ਦੱਸੀ ਜਾਵੇਗੀ ।

10. ਪੰਜਵੀ ਸ਼੍ਰੇਣੀ ਦੇ ਵਿਲੱਖਣ ਸਮਰਥਾ( DA ) ਵਾਲੇ ਸਮੂਹ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਬੋਰਡ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਹੈ। ਜਿਸ ਦੀ ਲੋਅ ਵਿੱਚ ਇਹਨਾਂ ਪ੍ਰੀਖਿਆਰਥੀਆਂ ਦੀ ਸਾਲਾਨਾ/ਅਨੁਪੂਰਕ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਸਬੰਧਤ ਸਕੂਲ ਵੱਲੋਂ ਇਹਨਾਂ ਪ੍ਰੀਖਿਆਰਥੀਆਂ ਦੇ ਵਿਸ਼ਾ ਵਾਰ ਪ੍ਰਾਪਤ ਅੰਕ ਨੂੰ ਸਕੂਲ ਲਾਗ ਇੰਨ ਆਈ.ਡੀ ਵਿੱਚ ਆਨਲਾਈਨ ਐਂਟਰ ਕੀਤਾ ਜਾਵੇਗਾ।

28/6/24

ਸਹਾਇਕ ਸਕੱਤਰ(ਗੁਪਤ)